BRAMPTON Flower City brampton.ca

media release

8 ਮਾਰਚ, 2018

# ਬ੍ਰੈਂਪਟਨ ਮਿਊਨਿਸਿਪਲ ਚੋਣਾਂ ਦੇ ਉਮੀਦਵਾਰਾਂ ਲਈ ਜਾਣਕਾਰੀ ਸੈਸ਼ਨ ਆਯੋਜਿਤ ਕਰੇਗਾ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton), ਮਿਨਿਸਟਰੀ ਆਫ ਮਿਊਨਿਸਿਪਲ ਅਫੇਅਰਸ (Ministry of Municipal Affairs) ਦੀ ਭਾਈਵਾਲੀ ਵਿੱਚ, 2018 ਦੀਆਂ ਮਿਊਨਿਸਿਪਲ ਚੋਣਾਂ (Municipal Election) ਵਿੱਚ ਸੰਭਾਵੀ ਉਮੀਦਵਾਰਾਂ ਅਤੇ ਤੀਜੀ ਧਿਰ ਦੇ ਵਿਗਿਆਪਕਾਂ (ਇਸ਼ਤਿਹਾਰ ਦੇਣ ਵਾਲਿਆਂ) ਲਈ ਮੰਗਲਵਾਰ, 3 ਅਪ੍ਰੈਲ, 2018 ਨੂੰ ਇੱਕ ਜਾਣਕਾਰੀ ਸੈਸ਼ਨ ਦਾ ਆਯੋਜਨ ਕਰੇਗੀ।

ਜਾਣਕਾਰੀ ਸੈਸ਼ਨ ਸਿਟੀ ਹਾਲ, 2 ਵੈਲਿੰਗਟਨ ਸਟ੍ਰੀਟ ਵੈਸਟ, ਬ੍ਰੈਂਪਟਨ (City Hall, 2 Wellington Street West, Brampton) ਵਿਖੇ ਕਾਉਂਸਿਲ ਚੈਂਬਰਾਂ (Council Chambers) ਵਿੱਚ ਸ਼ਾਮ 6:30 ਤੋਂ ਰਾਤ 9 ਵਜੇ ਤੱਕ ਹੋਵੇਗਾ।

ਸੈਸ਼ਨ ਮੁੱਖ ਸ਼ਰਤਾਂ ਦਾ ਇੱਕ ਸਾਰ ਪੇਸ਼ ਕਰੇਗਾ, ਜਿਸ ਵਿੱਚ ਸ਼ਾਮਲ ਹਨ ਉਮੀਦਵਾਰ ਅਤੇ ਤੀਜੀ ਧਿਰ ਦੇ ਵਿਗਿਆਪਕ ਦੀ ਪਾਤਰਤਾ ਅਤੇ ਜ਼ਿੰਮੇਵਾਰੀਆਂ, ਨਾਮਾਂਕਨ ਅਤੇ ਰਜਿਸਟਰੇਸ਼ਨ ਪ੍ਰਕਿਰਿਆ, ਮੁਹਿੰਮ ਸਬੰਧੀ ਵਿੱਤੀ ਪ੍ਰਬੰਧਾਂ ਦੇ ਨਾਲ-ਨਾਲ, ਮੁੱਖ ਤਾਰੀਖਾਂ ਅਤੇ ਵਸੀਲਿਆਂ ਬਾਰੇ ਜਾਣਕਾਰੀ।

**ਝਲਕੀਆਂ**

- ਸੈਸ਼ਨ ਕਿਸੇ ਵੀ ਉਸ ਵਿਅਕਤੀ ਲਈ ਖੁੱਲ੍ਹਾ ਹੈ, ਜਿਸਤੇ 2018 ਦੀਆਂ ਮਿਊਨਿਸਿਪਲ ਚੋਣਾਂ ਵਿੱਚ ਉਮੀਦਵਾਰ ਦੇ ਤੌਰ 'ਤੇ ਕਿਰਿਆਸ਼ੀਲ ਹੋਣ ਜਾਂ ਤੀਜੀ ਧਿਰ ਵਿਗਿਆਪਕ ਦੇ ਤੌਰ 'ਤੇ ਰਜਿਸਟਰ ਕੀਤੇ ਜਾਣ ਦਾ ਵਿਚਾਰ ਕੀਤਾ ਗਿਆ ਹੈ
- ਰਜਿਸਟਰੇਸ਼ਨ ਲਾਜ਼ਮੀ ਹੈ ਕਿਉਂਕਿ ਸੀਟਾਂ ਸੀਮਿਤ ਹਨ – ਕਿਰਪਾ ਕਰਕੇ ਰਜਿਸਟਰ ਕਰਨ ਲਈ bramptonvotes@brampton.ca 'ਤੇ ਈਮੇਲ ਕਰੋ ਅਤੇ ਦੱਸੋ ਕਿ ਤੁਸੀਂ ਸੰਭਾਵੀ ਉਮੀਦਵਾਰ ਜਾਂ ਤੀਜੀ ਧਿਰ ਦੇ ਵਿਗਿਆਪਕ ਹੋ
- ਉਮੀਦਵਾਰ ਜਾਂ ਤੀਜੀ ਧਿਰ ਦਾ ਵਿਗਿਆਪਕ ਬਣਨ ਲਈ ਜਾਣਕਾਰੀ found here (ਇੱਥੇ ਲੱਭੀ) ਜਾ ਸਕਦੀ ਹੈ
- ਉਮੀਦਵਾਰ ਨਾਮਾਂਕਨ ਮਿਆਦ 1 ਮਈ ਨੂੰ ਸ਼ੁਰੂ ਹੋਵੇਗੀ ਅਤੇ 27 ਜੁਲਾਈ ਨੂੰ ਖ਼ਤਮ ਹੋਵੇਗੀ
- ਤੀਜੀ ਧਿਰ ਵਿਗਿਆਪਕ ਰਜਿਸਟਰੇਸ਼ਨ 1 ਮਈ ਨੂੰ ਸ਼ੁਰੂ ਹੋਵੇਗਾ ਅਤੇ 19 ਅਕਤੂਬਰ ਨੂੰ ਖ਼ਤਮ ਹੋਵੇਗਾ
- ਵੋਟਿੰਗ ਦੀ ਤਾਰੀਖ (Voting Day) 22 ਅਕਤੂਬਰ ਹੈ
- ਨਾਮਾਂਕਨ ਉਮੀਦਵਾਰਾਂ ਅਤੇ ਰਜਿਸਟਰਡ ਤੀਜੀਆਂ ਧਿਰਾਂ ਲਈ ਅਗਲਾ ਜਾਣਕਾਰੀ ਸੈਸ਼ਨ ਸਤੰਬਰ 2018 ਵਿੱਚ ਆਯੋਜਿਤ ਕੀਤਾ ਜਾਏਗਾ
- ਹੋਰ ਜਾਣਕਾਰੀ ਲਈ, ਇਲੈਕਸ਼ਨਸ ਕੋਆਰਡੀਨੇਟਰ, ਸ਼ੌਨਾ ਡੰਟੋਨ (Shauna Danton) ਨੂੰ 905.874.3952 'ਤੇ ਸੰਪਰਕ ਕਰੋ

**ਹਵਾਲਾ**

"ਮਿਊਨਿਸਿਪਲ ਇਲੈਕਸ਼ਨਸ ਐਕਟ (Municipal Elections Act) ਦੀਆਂ ਹਾਲੀਆ ਤਬਦੀਲੀਆਂ ਵਿੱਚ ਸ਼ਾਮਲ ਹਨ ਨਵੀਆਂ ਸ਼ਰਤਾਂ ਦਾ ਵਾਧਾ, ਜਿਵੇਂ ਕਿ ਤੀਜੀ ਧਿਰ ਦੇ ਵਿਗਿਆਪਨਾਂ ਸਬੰਧੀ ਨਿਯਮ ਅਤੇ ਕਾਉਂਸਿਲ ਲਈ ਉਮੀਦਵਾਰਾਂ ਨਾਮਾਂਕਨਾਂ ਲਈ ਲੋੜੀਂਦਾ ਪਿਠਾਂਕਣ (ਐਨਡੋਰਸਮੈਂਟ)। ਕਿਉਂਕਿ ਇਹਨਾਂ ਨੂੰ 2018 ਵਿੱਚ ਪਹਿਲੀ ਵਾਰ ਲਾਗੂ ਕੀਤਾ ਜਾਏਗਾ, ਇਸਲਈ ਜਾਣਕਾਰੀ ਸੈਸ਼ਨ ਸੰਭਾਵੀ ਉਮੀਦਵਾਰਾਂ ਦੀ ਇਸ ਬਾਰੇ ਬਿਹਤਰ ਸਮਝ ਵਧਾਉਣ

ਵਿੱਚ ਮਦਦ ਕਰੇਗਾ ਕਿ ਜੇਕਰ ਉਹ ਆਪਣਾ ਨਾਮਾਂਕਨ ਫਾਈਲ ਕਰਨ ਦੀ ਚੋਣ ਕਰਦੇ ਹਨ ਤਾਂ ਉਹਨਾਂ ਨੂੰ ਕੀ ਲੋੜ ਹੋਵੇਗੀ, ਅਤੇ ਇਹ ਸੰਭਾਵੀ ਤੀਜੀ ਧਿਰ ਦੇ ਵਿਗਿਆਪਕਾਂ ਦੀ ਵੀ ਰਜਿਸਟਰੇਸ਼ਨ ਸ਼ਰਤਾਂ ਬਾਰੇ ਜਾਣਨ ਵਿੱਚ ਮਦਦ ਕਰੇਗਾ।"

- *ਪੀਟਰ ਫੇ (Peter Fay), 2018 ਬ੍ਰੈਂਪਟਨ ਮਿਊਨਿਸਿਪਲ ਇਲੈਕਸ਼ਨ ਲਈ ਸਿਟੀ ਕਲਰਕ ਅਤੇ ਰਿਟਰਨਿੰਗ ਅਫ਼ਸਰ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca